**PSCSCC MAINS EXAMINATION-2020**
**GENERAL STUDIES (PAPER-II)**

Time Allowed: Three Hours | Maximum Marks: 250

**INSTRUCTIONS**

Please read the following instructions carefully before attempting questions:

a) All questions are compulsory.
b) Word limit for each question is mentioned with the question. Candidates are instructed to adhere to the specified word limit.
c) Answers must be written in the medium authorised in the Admission Certificate which must be stated clearly on the cover of the answer book. No marks will be given for answers written in a medium other than the one authorised.
d) Each question along with its parts and sub-parts is required to be attempted only in the space specifically allotted to it in the answer book as indicated below:-

| | | | | | |
|---|---|---|---|---|---|
| Q.1 | Pages 1 – 2 | Q.6 | Pages 11 – 12 | Q.11 | Pages 21 – 22 |
| Q.2 | Pages 3 – 4 | Q.7 | Pages 13 – 14 | Q.12 | Pages 23 – 24 |
| Q.3 | Pages 5 – 6 | Q.8 | Pages 15 – 16 | Q.13 | Pages 25 – 26 |
| Q.4 | Pages 7 – 8 | Q.9 | Pages 17 – 18 | Q.14 | Pages 27 – 28 |
| Q.5 | Pages 9 – 10 | Q. 10 | Pages 19 – 20 | Q.15 | Pages 29 – 30 |
| | | | | Q.16 | Pages 31 – 32 |

e) The space corresponding to any unanswered questions will be marked with a cross.
f) **No extra sheet shall be given.**

****

**ਹਦਾਇਤਾਂ**

ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।
ਅ) ਹਰੇਕ ਪ੍ਰਸ਼ਨ ਦੇ ਨਾਲ ਸ਼ਬਦ ਸੀਮਾ ਦਰਸਾਈ ਹੋਈ ਹੈ। ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਰਸਾਈ ਗਈ ਸ਼ਬਦ ਸੀਮਾ ਦੀ ਪਾਲਣਾ ਕਰਨ।
ੲ) ਪ੍ਰਸ਼ਨਾ ਦੇ ਉੱਤਰ ਦਾਖਲਾ ਪ੍ਰਮਾਣ-ਪੱਤਰ ਵਿੱਚ ਦਰਸਾਏ ਮਾਧਿਅਮ ਅਨੁਸਾਰ ਦਿੱਤੇ ਜਾਣ ਜੋ ਕਿ ਉੱਤਰ ਪੁਸਤਿਕਾ ਦੇ ਸਰਵਰਕ ਉਤੇ ਸਪਸ਼ਟ ਰੂਪ ਵਿੱਚ ਲਿਖਿਆ ਜਾਣਾ ਜ਼ਰੂਰੀ ਹੈ। ਅਧਿਕ੍ਰਿਤ ਮਾਧਿਅਮ ਤੋਂ ਬਿਨਾਂ ਕਿਸੇ ਹੋਰ ਮਾਧਿਅਮ ਵਿੱਚ ਲਿਖੇ ਗਏ ਉੱਤਰਾਂ ਦੇ ਨੰਬਰ ਨਹੀਂ ਦਿੱਤੇ ਜਾਣਗੇ।
ਸ) ਹਰੇਕ ਪ੍ਰਸ਼ਨ ਦਾ ਉੱਤਰ ਇਸ ਦੇ ਭਾਗਾਂ ਅਤੇ ਉਪ ਭਾਗਾਂ ਸਮੇਤ ਉਤਰ ਪੁਸਤਿਕਾ ਵਿੱਚ ਹੇਠ ਲਿਖੇ ਸਥਾਨ ਉਤੇ ਹੀ ਦਿੱਤਾ ਜਾਣਾ ਜ਼ਰੂਰੀ ਹੈ:

| | | | | | |
|---|---|---|---|---|---|
| ਪ੍ਰਸ਼ਨ 1 | ਪੰਨਾ 1-2 | ਪ੍ਰਸ਼ਨ 6 | ਪੰਨਾ 11-12 | ਪ੍ਰਸ਼ਨ 11 | ਪੰਨਾ 21-22 |
| ਪ੍ਰਸ਼ਨ 2 | ਪੰਨਾ 3-4 | ਪ੍ਰਸ਼ਨ 7 | ਪੰਨਾ 13-14 | ਪ੍ਰਸ਼ਨ 12 | ਪੰਨਾ 23-24 |
| ਪ੍ਰਸ਼ਨ 3 | ਪੰਨਾ 5-6 | ਪ੍ਰਸ਼ਨ 8 | ਪੰਨਾ 15-16 | ਪ੍ਰਸ਼ਨ 13 | ਪੰਨਾ 25-26 |
| ਪ੍ਰਸ਼ਨ 4 | ਪੰਨਾ 7-8 | ਪ੍ਰਸ਼ਨ 9 | ਪੰਨਾ 17-18 | ਪ੍ਰਸ਼ਨ 14 | ਪੰਨਾ 27-28 |
| ਪ੍ਰਸ਼ਨ 5 | ਪੰਨਾ 9-10 | ਪ੍ਰਸ਼ਨ 10 | ਪੰਨਾ 19-20 | ਪ੍ਰਸ਼ਨ 15 | ਪੰਨਾ 29-30 |
| | | | | ਪ੍ਰਸ਼ਨ 16 | ਪੰਨਾ 31-32 |

ਹ) ਹੱਲ ਨਾ ਕੀਤੇ ਗਏ ਪ੍ਰਸ਼ਨਾਂ ਵਾਲੀ ਥਾਂ ਤੇ ਕਾਟੀ (×) ਲਗਾਈ ਜਾਵੇ।
ਕ) **ਕੋਈ ਵਾਧੂ ਸ਼ੀਟ ਨਹੀਂ ਦਿੱਤੀ ਜਾਵੇਗੀ।**

*****

Q. 1 'More number of constitutional amendments in India were carried out because of political necessity than of constitutional need'. Elucidate. (200 words) (Marks 15)

ਭਾਰਤ ਵਿਚ ਵਧੇਰੀਆਂ ਸੰਵਿਧਾਨਕ ਸੋਧਾਂ ਸੰਵਿਧਾਨਕ ਲੋੜ ਕਾਰਨ ਨਹੀਂ ਸਗੋਂ ਸਿਆਸੀ ਜਰੂਰਤ ਕਾਰਨ ਕੀਤੀਆਂ ਗਈਆਂ। ਵਰਣਨ ਕਰੋ। (200 ਸ਼ਬਦ) (ਅੰਕ 15)

Q. 2 a) 'Probity in public life is an internally induced behaviour than an externally administered action'. Explain (100 words). (Marks 10)

b) Examine any of the two recent E-Governance initiatives to illustrate how they have enhanced transparency and efficiency in government services. (100 words) (Marks 10)

ੳ) ਜਨਤਕ ਜੀਵਨ ਵਿਚ ਦਿਆਨਤਦਾਰੀ ਬਾਹਰੀ ਸੰਚਾਲਿਤ ਕਾਰਜ ਨਾਲੋਂ ਅੰਤਰਮੁਖੀ ਪ੍ਰੇਰਿਤ ਵਰਤਾਉ ਹੈ। ਵਿਆਖਿਆ ਕਰੋ। (100 ਸ਼ਬਦ) (ਅੰਕ 10)

ਅ) ਈ-ਗਵਰਨੈਂਸ ਦੇ ਤਤਕਾਲੀ ਕੋਈ ਦੋ ਉਪਰਾਲਿਆਂ ਦਾ ਨਿਰੀਖਣ ਕਰੋ ਕਿ ਉਨ੍ਹਾਂ ਦੁਆਰਾ ਸਰਕਾਰੀ ਸੇਵਾਵਾਂ ਵਿਚ ਪਾਰਦਰਸ਼ਤਾ ਅਤੇ ਕੁਸ਼ਲਤਾ ਵਿਚ ਕਿਵੇਂ ਵਾਧਾ ਕੀਤਾ ਗਿਆ ਹੈ।(100 ਸ਼ਬਦ) (ਅੰਕ 10)

Q.3 Analyse the major issues creating tension in relationship between the Centre and the States with reference to recent controversies. (200 Words) (Marks 15)

ਹਾਲੀਆ ਵਿਵਾਦਾਂ ਦਾ ਹਵਾਲਾ ਦਿੰਦਿਆਂ ਕੇਂਦਰ ਅਤੇ ਰਾਜਾਂ ਵਿਚਲੇ ਸਬੰਧਾਂ ਵਿਚ ਤਣਾਉ ਪੈਦਾ ਕਰਨ ਵਾਲੇ ਮੁਖ ਕਾਰਨਾਂ ਦਾ ਵਿਸ਼ਲੇਸ਼ਣ ਕਰੋ। (200 ਸ਼ਬਦ) (ਅੰਕ 15)

Q.4 The phenomenon of political defections in India has assumed large proportions in recent years. Bring out the factors responsible for this. Is it right to say that ban on defection will amount to suppression of freedom of thought and action? (200 Words) (Marks 15)

ਸਮਕਾਲੀ ਭਾਰਤ ਵਿਚ ਸਿਆਸੀ ਦਲਬਦਲੀਆਂ ਦਾ ਪ੍ਰਪੰਚ ਵਡਾ ਰੂਪ ਅਖਤਿਆਰ ਕਰ ਗਿਆ ਹੈ। ਇਸ ਵਾਸਤੇ ਜ਼ਿਮੇਵਾਰ ਕਾਰਨ ਦੱਸੋ। ਕੀ ਇਹ ਕਹਿਣਾ ਵਾਜਬ ਹੋਏਗਾ ਕਿ ਦਲਬਦਲੀ ਤੇ ਪਾਬੰਦੀ ਸਦਕਾ ਵਿਚਾਰ ਅਤੇ ਕਾਰਜ ਦੀ ਆਜ਼ਾਦੀ ਦਬ ਜਾਏਗੀ? (200 ਸ਼ਬਦ) (ਅੰਕ 15)

Q. 5 "The Representation of the People Act, 1951 is not an effective preventive law against criminalization of politics and corruption in public life". Analyse. (200 words) (Marks 15)

"ਲੋਕ ਪ੍ਰਤਿਨਿਧ ਐਕਟ, 1951 ਰਾਜਨੀਤੀ ਦਾ ਅਪਰਾਧੀਕਰਣ ਅਤੇ ਜਨਤਕ ਜੀਵਨ ਵਿਚ ਭ੍ਰਿਸ਼ਟਾਚਾਰ ਰੋਕਣ ਲਈ ਕਾਰਗਰ ਨਹੀਂ ਹੈ।" ਵਿਸ਼ਲੇਸ਼ਣ ਕਰੋ। (200 ਸ਼ਬਦ) (ਅੰਕ 15)

Q.6 The strength of any modern democracy is based on the deliberative functions of the Parliament. How do you evaluate the role of Indian Parliament as a deliberative body in the light of its working in recent years? (200 words) (Marks 15)

ਆਧੁਨਿਕ ਲੋਕਤੰਤਰ ਦੀ ਤਾਕਤ ਸੰਸਦ ਦੇ ਚਿੰਤਨ ਅਤੇ ਵਿਚਾਰ ਵਟਾਂਦਰੇ ਦੇ ਕਾਰਜਾਂ ਉਪਰ ਨਿਰਭਰ ਹੈ। ਤਤਕਾਲੀ ਕਾਰਗੁਜ਼ਾਰੀ ਸਨਮੁਖ ਭਾਰਤੀ ਸੰਸਦ ਦਾ ਚਿੰਤਨ ਅਤੇ ਵਿਚਾਰ ਵਟਾਂਦਰੇ ਦੀ ਸੰਸਥਾ ਦੇ ਰੂਪ ਵਿਚ ਮੁਲਾਂਕਣ ਕਿਵੇਂ ਕਰੋਗੇ? (200 ਸ਼ਬਦ) (ਅੰਕ 15)

Q. 7 Independence of the Election Commission is a pre-condition for holding free and fair elections. Critically analyse the constitutional safeguards for the impartial functioning of Election Commission. (200 words) (Marks 15)

ਸੁਤੰਤਰ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਦੀ ਸੁਤੰਤਰਤਾ ਇਕ ਮੁਢਲੀ ਸ਼ਰਤ ਹੈ। ਚੋਣ ਕਮਿਸ਼ਨ ਦੀ ਨਿਰਪੱਖ ਕਾਰਗੁਜ਼ਾਰੀ ਲਈ ਸੰਵਿਧਾਨਕ ਸੁਰੱਖਿਆ ਪ੍ਰਬੰਧਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰੋ। (200 ਸ਼ਬਦ) (ਅੰਕ 15)

Q. 8 The Companies Act, 2013 has made Corporate Social Responsibility (CSR) mandatory for business corporates in India. However, the impact of CSR contributions towards social welfare and environmental protection still remains inadequate. Comment. (200 words) (Marks 15)

'ਦ ਕੰਪਨੀਜ਼ ਐਕਟ, 2013 ਨੇ ਭਾਰਤ ਦੇ ਵਪਾਰਕ ਕਾਰਪੋਰੇਟਾਂ ਲਈ ਕਾਰਪੋਰੇਟਾਂ ਸਮਾਜਕ ਜ਼ਿਮੇਵਾਰੀ (CSR) ਲਾਜ਼ਮੀ ਕਰ ਦਿਤੀ ਹੈ। ਫਿਰ ਵੀ ਕਾਰਪੋਰੇਟ ਸਮਾਜਕ ਸੁਰੱਖਿਆ ਦੇ ਯੋਗਦਾਨ ਦਾ ਅਸਰ ਸਮਾਜਕ ਭਲਾਈ ਅਤੇ ਵਾਤਾਵਰਣ ਦੀ ਸੁਰੱਖਿਆ ਵਿਚ ਅਜੇ ਵੀ ਨਾਕਾਫੀ ਹੈ। ਟਿੱਪਣੀ ਕਰੋ। (200 ਸ਼ਬਦ) (ਅੰਕ 15)

Q. 9 India's democratic governance confronts the challenge of manipulation by private interests. Critically Analyse. (200 words) (Marks 15)

ਭਾਰਤੀ ਲੋਕਤਾਂਤ੍ਰਿਕ ਸ਼ਾਸਨ ਨਿਜੀ ਹਿਤਾਂ ਦੁਆਰਾ ਕੀਤੇ ਜਾਂਦੇ ਜੋੜ ਤੋੜ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਆਲੋਚਨਾਤਮਕ ਵਿਸ਼ਲੇਸ਼ਣ ਕਰੋ। (200 ਸ਼ਬਦ) (ਅੰਕ 15)

Q.10 In 2019, the Supreme Court ruled that the office of the Chief Justice of India is a public authority under the Right to Information (RTI) Act. Discuss the significance of this judgement by explaining the implications of bringing office of CJI under the RTI. (200 words) (Marks 15)

2019 ਵਿਚ ਸੁਪਰੀਮ ਕੋਰਟ ਨੇ ਆਪਣੇ ਨਿਰਣੇ ਰਾਹੀਂ ਭਾਰਤ ਦੇ ਮੁਖ ਨਿਆਂਧੀਸ਼ ਨੂੰ ਸੂਚਨਾ ਪ੍ਰਾਪਤੀ ਐਕਟ ਅਧੀਨ ਜਨਤਕ ਅਥਾਰਿਟੀ ਘੋਸ਼ਿਤ ਕੀਤਾ ਹੈ। ਮੁਖ ਨਿਆਂਧੀਸ਼ ਦੇ ਦਫਤਰ ਦਾ ਸੂਚਨਾ ਪ੍ਰਾਪਤ ਕਰਨ ਦੇ ਅਧਿਕਾਰ ਐਕਟ ਅਧੀਨ ਆਉਣ ਨਾਲ ਹੋਣ ਵਾਲੇ ਪ੍ਰਭਾਵਾਂ ਤਹਿਤ ਇਸ ਨਿਰਣੇ ਦੀ ਮਹੱਤਤਾ ਵਿਚਾਰੋ। (200 ਸ਼ਬਦ) (ਅੰਕ 15)

Q.11 a) The Quadrilateral Security Dialogue may not be a reliable long-term counter to China because it shall always remain dependent on the policy preferences of a US President. Critically Analyse. (100 words) (Marks 10)

b) The recent war between Azerbaijan and Armenia has indicated that the conduct of warfare is set to change drastically. Explain. (100 words) (Marks 10)

ੳ) ਚਤੁਰਭੁਜੀ ਸੁਰੱਖਿਆ ਸੰਵਾਦ ਸ਼ਾਇਦ ਲੰਮੇ ਸਮੇਂ ਲਈ ਚੀਨ ਵਿਰੁੱਧ ਭਰੋਸੇਯੋਗ ਰੋਕ ਨਹੀਂ ਕਿਉਂਕਿ ਇਹ ਸਦਾ ਅਮਰੀਕਣ ਰਾਸ਼ਟਰਪਤੀ ਦੀਆਂ ਨੀਤੀ ਤਰਜੀਹਾਂ ਉਤੇ ਨਿਰਭਰ ਰਹੇਗਾ। ਆਲੋਚਨਾਤਮਕ ਵਿਸ਼ਲੇਸ਼ਣ ਕਰੋ। (100 ਸ਼ਬਦ) (ਅੰਕ 10)

ਅ) ਅਜਰਬਾਈਜਾਨ ਅਤੇ ਆਰਮੀਨੀਆਂ ਵਿਚਕਾਰ ਤਤਕਾਲੀ ਜੰਗ ਨੇ ਸੰਕੇਤ ਕਰ ਦਿਤਾ ਹੈ ਕਿ ਯੁੱਧਨੀਤੀ ਦਾ ਵਿਹਾਰ ਪੂਰੀ ਤਰ੍ਹਾਂ ਬਦਲਣਾ ਯਕੀਨੀ ਹੈ। ਵਰਣਨ ਕਰੋ।(100 ਸ਼ਬਦ) (ਅੰਕ 10)

Q.12 The changing geo-economic factors in Pakistan will stabilise the South Asian Region. Critically analyse. (200 words) (Marks 15)

ਪਾਕਿਸਤਾਨ ਦੇ ਬਦਲਦੇ ਭੁਗੋਲਿਕ-ਆਰਥਿਕ ਹਾਲਤ ਦੱਖਣੀ ਏਸ਼ੀਆਈ ਖੇਤਰ ਨੂੰ ਥਿਰ ਕਰਨਗੇ। ਆਲੋਚਨਾਤਮਕ ਵਿਸ਼ਲੇਸ਼ਣ ਕਰੋ। (200 ਸ਼ਬਦ) (ਅੰਕ 15)

Q.13 With China inheriting the Soviet Union's ability to directly rival the US and empower its opponents, is the world witnessing a revival of the Cold War? (200 words) (Marks 15)

ਚੀਨ ਵਲੋਂ ਸੋਵੀਅਤ ਯੂਨੀਅਨ ਵਾਂਗ ਅਮਰੀਕਾ ਨਾਲ ਸਿਧਾ ਮੁਕਾਬਲਾ ਕਰਨ ਅਤੇ ਉਸ ਦੇ ਵਿਰੋਧੀਆਂ ਨੂੰ ਸਸ਼ਕਤ ਕਰਨ ਨਾਲ ਕੀ ਸੰਸਾਰ ਠੰਢੀ ਜੰਗ ਦਾ ਉਥਾਨ ਹੁੰਦਾ ਦੇਖ ਰਿਹਾ ਹੈ ? (200 ਸ਼ਬਦ) (ਅੰਕ 15)

Q.14 What has been Canada's response to India's proposed Farm laws? How will it impact India-Canada's bilateral relationship? Critically Analyse (200 words) (Marks 15)

ਭਾਰਤ ਵਲੋਂ ਸੁਝਾਏ ਖੇਤੀ ਕਾਨੂੰਨਾਂ ਬਾਰੇ ਕੈਨੇਡਾ ਦਾ ਕੀ ਪ੍ਰਤੀਕਰਮ ਰਿਹਾ? ਇਸ ਨਾਲ ਭਾਰਤ-ਕੈਨੇਡਾ ਪ੍ਰਸਪਰ ਸਬੰਧਾਂ ਉਤੇ ਕੀ ਅਸਰ ਪਏਗਾ? ਆਲੋਚਨਾਤਮਕ ਵਿਸ਼ਲੇਸ਼ਣ ਕਰੋ।(200 ਸ਼ਬਦ) (ਅੰਕ 15)

Q.15 Despite the aim for an *Atmanirbhar Bharat* India shall find it difficult to detach itself from China's supply chain at least in the short run. Comment. (200 words) (Marks 15)

'ਆਤਮ ਨਿਰਭਰ ਭਾਰਤ' ਨਿਸ਼ਾਨਾ ਹੋਣ ਦੇ ਬਾਵਜੂਦ ਘੱਟੋ-ਘੱਟ ਥੋੜੇ ਸਮੇਂ ਤੱਕ ਭਾਰਤ, ਚੀਨ ਦੀ ਸਪਲਾਈ ਚੇਨ ਨਾਲੋਂ ਜੁਦਾ ਹੋਣ ਵਿਚ ਮੁਸ਼ਕਿਲ ਦਾ ਸਾਹਮਣਾ ਕਰੇਗਾ। ਟਿੱਪਣੀ ਕਰੋ। (200 ਸ਼ਬਦ) (ਅੰਕ 15)

Q.16 What is the mandate of WHO and how binding are its decisions? Examine the role played by WHO in context of COVID-19 Pandemic. (200 words) (Marks 15)

ਵਿਸ਼ਵ ਸਿਹਤ ਸੰਸਥਾ ਦਾ ਕੀ ਆਦੇਸ਼ ਹੈ ਅਤੇ ਇਸਦੇ ਫੈਸਲੇ ਕਿੰਨੇ ਕੁ ਲਾਜ਼ਮੀ ਹਨ। ਕੋਵਿਡ-19 ਮਹਾਂਮਾਰੀ ਦੌਰਾਨ ਵਿਸ਼ਵ ਸਿਹਤ ਸੰਸਥਾ ਵਲੋਂ ਨਿਭਾਈ ਭੂਮਿਕਾ ਦਾ ਨਿਰੀਖਣ ਕਰੋ। (200 ਸ਼ਬਦ) (ਅੰਕ 15)

****